# 10

# ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ

PJB 010

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

### ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਜਦੋਂ ਤੁਸੀਂ ਅਤੇ ਤੁਹਾਡਾ ਸਾਥੀ ਵੱਖ ਹੁੰਦੇ ਹਨ ਤਾਂ ਤੁਹਾਨੂੰ ਆਪਣੀ ਜਾਇਦਾਦ ਵੰਡਣੀ ਪਵੇਗੀ। **ਜਾਇਦਾਦ** ਤੋਂ ਭਾਵ ਹੈ ਕੋਈ ਵੀ ਚੀਜ਼ ਜਿਸ ਦੇ ਤੁਸੀਂ ਮਾਲਕ ਹੋ, ਜਿਵੇਂ ਕਿ ਤੁਹਾਡੇ ਘਰ, ਕਾਰਾਂ ਅਤੇ ਨਿੱਜੀ ਅਤੇ ਘਰੇਲੂ ਚੀਜ਼ਾਂ, ਪੈਨਸ਼ਨਾਂ, ਬੈਂਕ ਖ਼ਾਤੇ ਅਤੇ ਕੋਈ ਦੂਸਰੇ ਨਿਵੇਸ਼। ਜਾਇਦਾਦ ਵਿੱਚ ਕਰਜ਼ੇ ਵੀ ਸ਼ਾਮਲ ਹੁੰਦੇ ਹਨ।

ਕਾਨੂੰਨੀ ਤੌਰ 'ਤੇ ਵਿਆਹੇ ਹੋਏ ਲੋਕਾਂ ਅਤੇ ਕਾਮਨ-ਲਾਅ ਦੇ ਅਧੀਨ ਆਉਣ ਵਾਲੇ ਲੋਕਾਂ ਲਈ ਜਾਇਦਾਦ ਦੇ ਹੱਕ ਪੂਰੀ ਤਰ੍ਹਾਂ ਵੱਖਰੇ ਹੁੰਦੇ ਹਨ। ਜੇ ਤੁਸੀਂ ਕਾਮਨ-ਲਾਅ ਦੇ ਅਧੀਨ ਰਹਿ ਰਹੇ ਹੋ, ਤਾਂ ਤੁਹਾਡੇ ਜਾਇਦਾਦ ਸਬੰਧੀ ਉਹੀ ਹੱਕ ਨਹੀਂ ਹੁੰਦੇ ਜੋ ਕਿ ਵਿਆਹੀਆਂ ਔਰਤਾਂ ਦੇ ਹੁੰਦੇ ਹਨ।

ਜੇ ਤੁਸੀਂ ਕਾਨੂੰਨੀ ਤੌਰ 'ਤੇ ਵਿਆਹੇ ਹੋਏ ਹੋ ਤਾਂ ਕਾਨੂੰਨ ਵਿੱਚ ਇਸ ਬਾਰੇ ਨਿਯਮ ਹੁੰਦੇ ਕਿ ਪਰਿਵਾਰਕ ਜਾਇਦਾਦ ਦੀ ਕੀਮਤ ਕਿਵੇਂ ਨਿਰਧਾਰਿਤ ਕਰਨੀ ਹੈ ਅਤੇ ਜਾਇਦਾਦ ਦੀ ਵੰਡ ਕਿਵੇਂ ਕਰਨੀ ਹੈ। ਕਾਨੂੰਨ ਵਿਆਹ ਨੂੰ ਇੱਕ ਆਰਥਿਕ ਸਾਂਝੇਦਾਰੀ ਵਜੋਂ ਦੇਖਦਾ ਹੈ। ਜਦੋਂ ਵਿਆਹ ਦਾ ਅੰਤ ਹੁੰਦਾ ਹੈ ਤਾਂ ਵਿਆਹੁਤਾ ਜੀਵਨ ਦੌਰਾਨ ਹਾਸਲ ਕੀਤੀਆਂ ਪਰਿਵਾਰਕ ਜਾਇਦਾਦਾਂ ਅਤੇ ਕਰਜ਼ਿਆਂ **(net family property)** ਨੂੰ ਬਰਾਬਰ ਵੰਡਿਆ ਜਾਣਾ ਚਾਹੀਦਾ ਹੈ। ਪਰ, ਜੇ ਤੁਸੀਂ ਅਤੇ ਤੁਹਾਡੇ ਸਾਥੀ ਕਾਨੂੰਨੀ ਤੌਰ 'ਤੇ ਵਿਆਹੇ ਹੋਏ ਨਹੀਂ ਸੀ ਤਾਂ ਵੱਖ ਹੋਣ 'ਤੇ ਆਪਣੇ-ਆਪ ਤੁਹਾਡਾ ਪਰਿਵਾਰਕ ਜਾਇਦਾਦ ਦੇ ਅੱਧੇ ਹਿੱਸੇ 'ਤੇ ਹੱਕ ਨਹੀਂ ਹੋਵੇਗਾ।

## ਵਿਆਹੇ ਹੋਏ ਜੋੜਿਆਂ ਲਈ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ

ਕਾਨੂੰਨ ਮੰਨਦਾ ਹੈ ਕਿ ਹਰ ਇੱਕ ਪਤੀ/ਪਤਨੀ ਨੇ ਰਿਸ਼ਤੇ ਵਿੱਚ ਆਰਥਿਕ ਅਤੇ ਦੂਸਰੇ ਢੰਗ ਨਾਲ ਬਰਾਬਰ ਦਾ ਯੋਗਦਾਨ ਪਾਇਆ ਹੈ। ਜਦੋਂ ਤੁਹਾਡਾ ਵਿਆਹ ਖ਼ਤਮ ਹੋ ਜਾਂਦਾ ਹੈ, ਤਾਂ ਸਧਾਰਨ ਨਿਯਮ ਇਹ ਹੈ ਕਿ ਤੁਹਾਨੂੰ ਅਤੇ ਤੁਹਾਡੇ ਪਤੀ/ਪਤਨੀ ਨੂੰ ਤੁਹਾਡੀ ਨਿਰੋਲ ਪਰਿਵਾਰਕ ਜਾਇਦਾਦ ਨੂੰ ਬਰਾਬਰ-ਬਰਾਬਰ ਵੰਡ ਲੈਣਾ ਚਾਹੀਦਾ ਹੈ, ਇਸ ਗੱਲ ਨੂੰ ਧਿਆਨ ਵਿੱਚ ਨਾ ਰੱਖਦੇ ਹੋਏ ਕਿ ਇਸ ਲਈ ਕਿਸ ਨੇ ਭੁਗਤਾਨ ਕੀਤਾ ਸੀ ਜਾਂ ਜਾਇਦਾਦ ਕਿਸ ਦੇ ਨਾਮ ’ਤੇ ਹੈ। ਪਰਿਵਾਰਕ ਜਾਇਦਾਦ ਨੂੰ ਵੰਡਣ ਦਾ ਭਾਵ ਹੈ ਕਿ ਤੁਸੀਂ ਪਰਿਵਾਰ ਦੀਆਂ ਸੰਪਤੀਆਂ (ਲੈਣਦਾਰੀਆਂ) ਅਤੇ ਪਰਿਵਾਰ ਉੱਪਰ ਕਰਜ਼ਿਆਂ, ਦੋਵਾਂ ਦੇ ਮੁੱਲ ਨੂੰ ਵੰਡਦੇ ਹੋ।

### ਜਾਇਦਾਦ ਵੰਡਣ ਦੀ ਕੀ ਪ੍ਰਕਿਰਿਆ ਹੈ?

ਪਰਿਵਾਰਕ ਜਾਇਦਾਦ ਦਾ ਮੁਲਾਂਕਣ ਕਰਨ ਅਤੇ ਇਸ ਨੂੰ ਵੰਡਣ ਦੀ ਪ੍ਰਕਿਰਿਆ ਨੂੰ **ਬਰਾਬਰ ਕਰਨਾ** ਕਿਹਾ ਜਾਂਦਾ ਹੈ। ਬਰਾਬਰ ਕਰਨ ਦੀ ਪ੍ਰਕਿਰਿਆ ਵਿੱਚ ਦੋ ਪੜਾਅ ਹੁੰਦੇ ਹਨ:

*ਕਦਮ 1: ਨਿਰੋਲ ਪਰਿਵਾਰਕ ਜਾਇਦਾਦ ਦਾ ਹਿਸਾਬ ਲਗਾਉਣਾ*

ਪ੍ਰਕਿਰਿਆ ਵਿੱਚ ਪਹਿਲਾ ਪੜਾਅ ਹੁੰਦਾ ਹੈ ਤੁਹਾਡੇ ਵਿੱਚੋਂ ਹਰ ਇੱਕ ਵਿਅਕਤੀ ਨੂੰ ਆਪਣੀ **ਨਿਰੋਲ ਪਰਿਵਾਰਕ ਜਾਇਦਾਦ** ਦੀ ਸੂਚੀ ਅਤੇ ਜਾਇਦਾਦ ਦੀ ਕੁੱਲ ਕੀਮਤ ਦਾ ਹਿਸਾਬ ਲਾਉਣਾ ਚਾਹੀਦਾ ਹੈ।

ਅਜਿਹਾ ਕਰਨ ਲਈ, ਤੁਹਾਡੇ ਵਿੱਚੋਂ ਹਰ ਇੱਕ ਨੂੰ ਵੱਖ ਹੋਣ ਦੇ ਸਮੇਂ ਲਾਜ਼ਮੀ ਤੌਰ ‘ਤੇ ਆਪਣੀਆਂ ਸੰਪਤੀਆਂ (ਲੈਣਦਾਰੀਆਂ) ਦੀ ਇੱਕ ਸੂਚੀ ਬਣਾਉਣੀ ਚਾਹੀਦੀ ਹੈ। ਇਸ ਰਕਮ ਵਿੱਚੋਂ ਤੁਸੀ ਹੇਠਾਂ ਲਿਖੀਆਂ ਚੀਜ਼ਾਂ ਦਾ ਮੁੱਲ ਘਟਾ ਦਿੰਦੇ ਹੋ:

- ਅਲਹਿਦਾ ਹੋਣ ਵੇਲੇ ਤੁਹਾਡੇ ਉੱਪਰ ਕਰਜ਼ੇ
- ਉਸ ਜਾਇਦਾਦ ਦਾ ਮੁੱਲ ਜੋ ਤੁਸੀਂ ਵਿਆਹ ਵਿੱਚ ਆਪਣੇ ਨਾਲ ਲਿਆਏ ਸੀ
- ਤੁਹਾਨੂੰ ਮਿਲੇ ਤੋਹਫ਼ੇ
- ਉਹ ਜਾਇਦਾਦ ਜੋ ਤੁਹਾਨੂੰ ਵਿਰਾਸਤ ਵਿੱਚ ਮਿਲੀ ਸੀ
- ਨਿੱਜੀ ਸੱਟ ਲਈ ਹਾਨੀਪੂਰਤੀ

ਜੇ ਇਨ੍ਹਾਂ ਵਿੱਚੋਂ ਕਿਸੇ ਜਾਇਦਾਦ ਦਾ ਇਸਤੇਮਾਲ ਪਵਿਾਰਕ ਘਰ ਖ਼ਰੀਦਣ ਲਈ ਕੀਤਾ ਗਿਆ ਸੀ, ਤਾਂ ਤੁਸੀਂ ਉਸ ਜਾਇਦਾਦ ਦਾ ਮੁੱਲ ਆਪਣੀ ਨਿਰੋਲ ਪਰਿਵਾਰਕ ਜਾਇਦਾਦ ਵਿੱਚੋਂ ਨਹੀਂ ਘਟਾ ਸਕਦੇ। ਅਜਿਹਾ ਇਸ ਲਈ ਕਿਉਂਕਿ ਕਿਸੇ ਵਿਆਹੇ ਹੋਏ ਜੋੜੇ ਦੇ ਪਰਿਵਾਰਕ ਘਰ ਨੂੰ ਸਾਰੀਆਂ ਦੂਸਰੀਆਂ ਜਾਇਦਾਦਾਂ ਨਾਲੋਂ ਵੱਖਰਾ ਮੰਨਿਆ ਜਾਂਦਾ ਹੈ।

ਪਰਿਵਾਰਕ ਘਰ, ਜਾਂ **ਵਿਆਹ ਵਾਲਾ ਘਰ** ਉਹ ਘਰ ਹੁੰਦਾ ਹੈ ਜਿੱਥੇ ਤੁਹਾਡਾ ਪਰਿਵਾਰ ਅਲਹਿਦਾ ਹੋਣ ਤਕ ਜ਼ਿਆਦਾਤਰ ਸਮਾਂ ਰਿਹਾ ਹੈ। ਜੇ ਤੁਸੀਂ ਇਸ ਘਰ ਦੇ ਮਾਲਕ ਹੋ, ਤਾਂ ਇਸ ਦੇ ਮੁੱਲ ਵਿਚਲੇ ਵਾਧੇ ਦਾ ਤੁਹਾਡੇ ਪਤੀ/ਪਤਨੀ ਦੋਵਾਂ ਦਾ ਬਰਾਬਰ-ਬਰਾਬਰ ਹੱਕ ਹੁੰਦਾ ਹੈ। ਇਹੇ ਸੱਚ ਹੈ ਭਾਵੇਂ ਬੈਨਾਮੇ ਵਿੱਚ ਕਿਸੇ ਦਾ ਵੀ ਨਾਮ ਹੋਵੇ, ਭਾਵੇਂ ਵਿਆਹ ਤੋਂ ਪਹਿਲਾਂ ਵੀ ਇਹ ਘਰ ਤੁਹਾਡਾ ਹੋਵੇ। ਇਹ ਗੱਲ ਤਾਂ ਵੀ ਲਾਗੂ ਹੁੰਦੀ ਹੈ ਜੇ ਤੁਹਾਡੇ ਵਿੱਚੋਂ ਇੱਕ ਜਣੇ ਨੇ ਵਿਆਹ ਵਿੱਚ ਮਿਲ਼ੇ ਤੋਹਫਿਆਂ ਨਾਲ ਇਹ ਘਰ ਖ਼ਰੀਦਿਆ ਹੋਵੇ। ਤੁਹਾਡੇ ਘਰ ਦੀ ਕੀਮਤ ਸਿਰਫ ਉਸ ਸਮੇਂ ਬਰਾਬਰ-ਬਰਾਬਰ ਨਹੀਂ ਵੰਡੀ ਜਾਵੇਗੀ ਜੇ ਤੁਸੀਂ ਅਤੇ ਤੁਹਾਡੇ ਪਤੀ/ਪਤਨੀ ਨੇ ਕਿਸੇ ਸਮਝੌਤੇ (ਵਿਆਹ ਦੇ ਸਮਝੌਤੇ) 'ਤੇ ਦਸਤਖਤ ਕੀਤੇ ਹੋਣ ਜਿਸ ਵਿੱਚ ਕਿਹਾ ਗਿਆ ਹੋਵੇ ਕਿ ਘਰ ਨੂੰ ਬਰਾਬਰ ਕਰਨ ਦੀ ਪ੍ਰਕਿਰਿਆ ਤੋਂ ਬਾਹਰ ਰੱਖਿਆ ਜਾਵੇਗਾ।

ਕੁਝ ਜਾਇਦਾਦ ਦੀ ਕੀਮਤ ਸਮੇਂ ਦੇ ਨਾਲ ਬਦਲ ਸਕਦੀ ਹੈ। ਇਸ ਨਾਲ ਨਿਰੋਲ ਪਰਿਵਾਰਕ ਜਾਇਦਾਦ ਦਾ ਹਿਸਾਬ ਲਗਾਉਣ ਦੀ ਕੋਸ਼ਿਸ਼ ਕਰਦੇ ਸਮੇਂ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਇਨ੍ਹਾਂ ਮੁਸ਼ਕਲਾਂ ਨਾਲ ਨਜਿੱਠਣ ਲਈ, ਕਾਨੂੰਨ ਨਿਰਧਾਰਿਤ ਕਰਦਾ ਹੈ ਕਿ ਕਿਸ ਤਾਰੀਖ਼ ਨੂੰ **ਮੁਲਾਂਕਣ ਦੀ ਤਾਰੀਖ਼** ਦੇ ਤੌਰ 'ਤੇ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਇਹ ਆਮ ਤੌਰ 'ਤੇ ਉਹ ਤਾਰੀਖ਼ ਹੁੰਦੀ ਹੈ ਜਦੋਂ ਤੁਸੀ ਅਤੇ ਤੁਹਾਡਾ ਪਤੀ/ਪਤਨੀ ਇੱਕ ਦੂਸਰੇ ਤੋਂ ਵੱਖ ਹੋਏ ਸੀ ਅਤੇ ਜਾਣਦੇ ਸੀ ਕਿ ਤੁਸੀਂ ਦੁਬਾਰਾ ਇਕੱਠੇ ਨਹੀਂ ਹੋਵੋਗੇ।

### *ਕਦਮ 2: ਪਰਿਵਾਰਕ ਜਾਇਦਾਦ ਨੂੰ ਬਰਾਬਰ-ਬਰਾਬਰ ਵੰਡੋ*

ਤੁਹਾਡੇ ਵਿੱਚੋਂ ਹਰ ਇੱਕ ਵੱਲੋਂ ਆਪਣੀ ਨਿਰੋਲ ਪਰਿਵਾਰਕ ਜਾਇਦਾਦ ਹਿਸਾਬ ਲਗਾ ਲੈਣ ਤੋਂ ਬਾਅਦ, ਇਸ ਦਾ ਮੁੱਲ ਲਾਜ਼ਮੀ ਤੌਰ 'ਤੇ **ਬਰਾਬਰ ਕੀਤਾ ਜਾਣਾ** ਚਾਹੀਦਾ ਹੈ। ਤੁਹਾਡੇ ਵਿੱਚੋਂ ਹਰ ਇੱਕ ਨੂੰ ਲਾਜ਼ਮੀ ਤੌਰ 'ਤੇ ਦੂਸਰੇ ਵਿਅਕਤੀ ਨੂੰ ਆਪਣੀ ਨਿਰੋਲ ਪਰਿਵਾਰਕ ਜਾਇਦਾਦ ਬਾਰੇ ਦੱਸਣਾ ਚਾਹੀਦਾ ਹੈ। ਉਹ ਪਤੀ/ਪਤਨੀ ਜਿਸ ਦੀ ਨਿਰੋਲ ਪਰਿਵਾਰਕ ਜਾਇਦਾਦ ਜ਼ਿਆਦਾ ਹੈ, ਵਲੋਂ ਦੂਸਰੇ ਪਤੀ/ਪਤਨੀ ਨੂੰ ਦੋਵਾਂ ਰਾਸ਼ੀਆਂ ਵਿਚਲੇ ਅੰਤਰ ਦਾ ਅੱਧਾ ਹਿੱਸਾ ਦੇਣਾ ਲਾਜ਼ਮੀ ਹੈ। ਇਸ ਨੂੰ **ਬਰਾਬਰ ਕਰਨ ਦਾ ਭੁਗਤਾਨ** ਕਿਹਾ ਜਾਂਦਾ ਹੈ।

ਕੁਝ ਮਾਮਲਿਆਂ ਵਿੱਚ, ਬਰਾਬਰ ਕਰਨ ਦੀ ਵੰਡ ਦੇ ਨਿਆਂਪੂਰਨ ਨਾ ਹੋਣ 'ਤੇ ਅਦਾਲਤ "ਬਰਾਬਰ ਕਰਨ" ਦੇ ਕਿਸੇ ਵੱਖਰੇ ਭੁਗਤਾਨ ਦਾ ਹੁਕਮ ਦੇ ਸਕਦੀ ਹੈ। ਉਦਾਹਰਣ ਵਜੋਂ, ਅਦਾਲਤ ਤੁਹਾਡੇ ਪਤੀ/ਪਤਨੀ ਨੂੰ ਵਧੇਰੇ ਭੁਗਤਾਨ ਕਰਨ ਦਾ ਹੁਕਮ ਦੇ ਸਕਦੀ ਹੈ, ਜੇ ਉਸ ਨੇ ਤੁਹਾਡੇ ਨਾਲ ਵਿਆਹ ਕਰਨ ਸਮੇਂ ਪਹਿਲਾਂ ਦੇ ਵੱਡੇ ਕਰਜ਼ਿਆਂ ਬਾਰੇ ਤੁਹਾਨੂੰ ਨਹੀਂ ਦੱਸਿਆ ਸੀ ਜਾਂ ਜੇ ਉਸ ਨੇ ਇਸ ਮਕਸਦ ਲਈ ਵੱਡਾ ਕਰਜ਼ਾ ਲਿਆ ਸੀ।

## ਇੱਕ ਤੋਂ ਵੱਧ ਪਤਨੀਆਂ ਵਾਲੇ ਵਿਆਹਾਂ ਵਿੱਚ ਔਰਤਾਂ ਦੇ ਕੀ ਹੱਕ ਹਨ?

ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਇੱਕ ਤੋਂ ਵੱਧ ਪਤਨੀਆਂ ਵਾਲੇ ਵਿਆਹ ਦੀ ਇਜਾਜ਼ਤ ਨਹੀਂ ਹੈ। ਜੇ ਤੁਸੀਂ ਕਿਸੇ ਅਜਿਹੇ ਦੇਸ਼ ਵਿੱਚ ਵਿਆਹੇ ਹੋਏ ਹੋ ਜਿੱਥੇ ਕਾਨੂੰਨੀ ਤੌਰ 'ਤੇ ਇੱਕ ਤੋਂ ਵੱਧ ਪਤਨੀਆਂ ਵਾਲੇ ਵਿਆਹ ਦੀ ਇਜਾਜ਼ਤ ਹੈ, ਤਾਂ ਪਰਿਵਾਰਕ ਕਾਨੂੰਨ ਤਹਿਤ ਤੁਹਾਡੇ ਕੁਝ ਹੱਕ ਹੋ ਸਕਦੇ ਹਨ, ਜਿਨ੍ਹਾਂ ਵਿੱਚ ਪਰਿਵਾਰਕ ਜਾਇਦਾਦ ਦੀ ਬਰਾਬਰ ਵੰਡ ਲਈ ਦਰਖ਼ਾਸਤ ਦਾ ਹੱਕ ਸ਼ਾਮਲ ਹੈ।

## ਸਾਂਝੇ ਕਾਨੂੰਨ ਵਾਲੇ ਜੋੜਿਆਂ ਲਈ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ?

ਜਾਇਦਾਦ ਸੰਬੰਧੀ ਹੱਕ ਉਨ੍ਹਾਂ ਵਿਅਕਤੀਆਂ ਲਈ ਬਿਲਕੁਲ ਵੱਖਰੇ ਹਨ ਜੋ ਵਿਆਹ ਕਰਵਾਉਣ ਦੀ ਬਜਾਏ ਕਾਮਨ-ਲਾਅ ਜੀਵਨ ਬਿਤਾਉਣ ਦੀ ਚੋਣ ਕਰਦੇ ਹਨ। ਹਾਲਾਂਕਿ ਕਾਨੂੰਨ, ਕਾਮਨ-ਲਾਅ ਅਧੀਨ ਆਉਣ ਵਾਲੇ ਰਿਸ਼ਤਿਆਂ ਨੂੰ ਕਈ ਢੰਗਾਂ ਵਿੱਚ ਮਾਨਤਾ ਦਿੰਦਾ ਹੈ, ਜਾਇਦਾਦ ਦੀ ਵੰਡ ਬਾਰੇ ਨਿਯਮ ਕਾਮਨ-ਲਾਅ ਅਧੀਨ ਆਉਣ ਵਾਲੇ ਜੋੜਿਆਂ 'ਤੇ ਲਾਗੂ ਨਹੀਂ ਹੁੰਦੇ। ਆਮ ਤੌਰ 'ਤੇ, ਤੁਹਾਡੇ ਵਿੱਚੋਂ ਹਰ ਇੱਕ ਉਸ ਜਾਇਦਾਦ ਦਾ ਮਾਲਕ ਹੁੰਦਾ ਹੈ ਜੋ ਤੁਸੀਂ ਰਿਸ਼ਤੇ ਵਿੱਚ ਲੈ ਕੇ ਆਏ ਸੀ ਅਤੇ ਜੋ ਕੁਝ ਤੁਸੀਂ ਇਕੱਠੇ ਰਹਿਣ ਦੇ ਦੌਰਾਨ ਖ਼ਰੀਦਿਆ ਸੀ। ਕਾਮਨ-ਲਾਅ ਅਧੀਨ ਸਿਰਫ ਇੱਕ ਪਤੀ/ਪਤਨੀ ਦੀ ਮਲਕੀਅਤ ਵਾਲੀ ਜਾਇਦਾਦ ਦੀ ਵਧੀ ਹੋਈ ਕੀਮਤ ਦਾ ਮਾਮਲਾ ਸੁਲਝਾਉਣਾ ਵਧੇਰੇ ਜਟਿਲ ਕੰਮ ਹੋ ਸਕਦਾ ਹੈ।

ਜੇ ਤੁਸੀਂ ਅਤੇ ਤੁਹਾਡਾ ਸਾਥੀ ਕਾਮਨ-ਲਾਅ ਅਧੀਨ ਆਉਣ ਵਾਲੇ ਰਿਸ਼ਤੇ ਵਿੱਚ ਰਹਿ ਰਹੇ ਸੀ ਤਾਂ ਆਪਣੇ ਵਿਆਹ ਵਾਲੇ ਘਰ ਦੀ ਕੀਮਤ 'ਤੇ ਤੁਹਾਡੇ ਦੋਵਾਂ ਦੇ ਬਰਾਬਰ ਹੱਕ ਨਹੀਂ ਹੁੰਦੇ। ਉਹ ਘਰ ਜਿਸ ਵਿੱਚ ਤੁਸੀਂ ਇੱਕ ਜੋੜੇ ਦੇ ਤੌਰ 'ਤੇ ਰਹਿੰਦੇ ਸੀ, ਉਸ ਵਿਅਕਤੀ ਦਾ ਹੁੰਦਾ ਹੈ ਜਿਸ ਦਾ ਨਾਮ ਸਿਰਲੇਖ 'ਤੇ ਲਿਖਿਆ ਹੁੰਦਾ ਹੈ।

ਤੁਸੀਂ ਅਤੇ ਤੁਹਾਡਾ ਕਾਮਨ-ਲਾਅ ਸਾਥੀ ਇਹ ਨਿਰਧਾਰਿਤ ਕਰਨ ਲਈ ਇੱਕ ਹੀ ਥਾਂ 'ਤੇ ਇਕੱਠੇ ਰਹਿਣ ਦਾ ਇੱਕ ਸਮਝੌਤਾ ਲਿਖ ਸਕਦੇ ਹੋ ਕਿ ਵੱਖ ਹੋਣ 'ਤੇ ਤੁਸੀਂ ਜਾਇਦਾਦ ਅਤੇ ਕਰਜ਼ਿਆਂ ਦਾ ਨਿਪਟਾਰਾ ਕਿਵੇਂ ਕਰੋਗੇ। ਜੇ ਤੁਸੀਂ ਇੱਕ ਹੀ ਥਾਂ 'ਤੇ ਰਹਿਣਾ ਦਾ ਸਮਝੌਤਾ ਨਹੀਂ ਕੀਤਾ ਹੈ ਅਤੇ ਤੁਸੀਂ ਇਸ ਗੱਲ 'ਤੇ ਸਹਿਮਤ ਨਹੀਂ ਹੋ ਸਕਦੇ ਹੋ ਕਿ ਆਪਣੀ ਜਾਇਦਾਦ ਦੀ ਵੰਡ ਕਿਵੇਂ ਕਰਨੀ ਹੈ, ਤਾਂ ਤੁਹਾਡੇ ਵਿੱਚੋਂ ਕੋਈ ਵੀ ਅਦਾਲਤ ਵਿੱਚ ਜਾ ਸਕਦਾ ਹੈ। ਤੁਸੀਂ ਕਿਸੇ ਜੱਜ ਨੂੰ ਬੇਨਤੀ ਕਰ ਸਕਦੇ ਹੋ ਕਿ ਉਹ ਤੁਹਾਨੂੰ ਉਸ ਜਾਇਦਾਦ, ਜੋ ਤੁਸੀਂ ਇੱਕ ਜੋੜੇ ਵੱਜੋਂ ਖ਼ਰੀਦੀ ਸੀ, ਦਾ ਇੱਕ ਹਿੱਸਾ ਜਾਂ ਰਿਸ਼ਤੇ ਦੌਰਾਨ ਜਾਇਦਾਦ ਵਿੱਚ ਹੋਏ ਵਾਧੇ ਦੇ ਬਰਾਬਰ ਦੀ ਰਕਮ ਦਾ ਇੱਕ ਹਿੱਸਾ ਦਿੱਤੇ ਜਾਣ ਦਾ ਫੈਸਲਾ ਸੁਣਾਵੇ।

ਇਸ ਕਿਸਮ ਦਾ ਫੈਸਲਾ ਲੈਣ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਜਾਇਦਾਦ ਨੂੰ ਜੋੜਨ ਜਾਂ ਇਸ ਦੇ ਰੱਖ-ਰਖਾਅ ਵਿੱਚ ਯੋਗਦਾਨ ਪਾਇਆ ਸੀ। ਉਦਾਹਰਣ ਵੱਜੋਂ, ਜੇ ਤੁਸੀਂ ਇਹ ਸਿੱਧ ਕਰ ਸਕੋ ਕਿ ਤੁਸੀਂ ਆਪਣੇ ਪਤੀ/ਪਤਨੀ ਦੇ ਘਰ ਦੇ ਕੁਝ ਬਿੱਲਾਂ ਦਾ ਭੁਗਤਾਨ ਕੀਤਾ ਸੀ, ਜਾਂ ਇਹ ਕਿ ਤੁਸੀਂ ਮੁਫ਼ਤ ਕੰਮ ਕਰਕੇ ਉਸ ਦੇ ਮੁੱਲ ਵਿੱਚ ਵਾਧਾ ਕੀਤਾ ਸੀ, ਤਾਂ ਤੁਹਾਨੂੰ ਕੁਝ ਪੈਸੇ ਮਿਲ ਸਕਦੇ ਹਨ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. **ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)**
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।